# ਪੰਜਾਬ ਵਿਧਾਨ ਸਭਾ

-----------

## 16ਵੀਂ ਪੰਜਾਬ ਵਿਧਾਨ ਸਭਾ

## ਬਾਰ੍ਹਵਾਂ (ਬਜਟ) ਸਮਾਗਮ

-----------

## ਕਾਰਜ ਸੂਚੀ

12 ਮਾਰਚ 2026

10 ਵਜੇ ਪੂਰਵ ਦੁਪਹਿਰ

-----------

1. <u>ਪ੍ਰਸ਼ਨ</u>

(1) ਵੱਖ ਸੂਚੀ ਵਿੱਚ ਦਰਜ ਪ੍ਰਸ਼ਨ ਪੁੱਛੇ ਜਾਣਗੇ ਅਤੇ ਜਵਾਬ ਦਿੱਤੇ ਜਾਣਗੇ।

2. <u>ਧਿਆਨ ਦਿਵਾਊ ਨੋਟਿਸ</u>

(1) i) **ਸਰਦਾਰ ਅੰਮ੍ਰਿਤਪਾਲ ਸਿੰਘ ਸੁਖਾਨੰਦ, ਐਮ.ਐਲ.ਏ.**

ii) **ਸ਼੍ਰੀ ਬਲਕਾਰ ਸਿੰਘ, ਸਿੱਧੂ, ਐਮ.ਐਲ.ਏ.**:- ਬਿਜਲੀ ਮੰਤਰੀ ਦਾ ਧਿਆਨ ਅਸਥਾਈ ਤੌਰ ਤੇ ਟਿਊਬਵੈਲ ਮੋਟਰਾਂ ਦੀ ਵਿਕਰੀ ਦੇ ਕਾਰਨ ਕਿਸਾਨਾਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਵੱਲ ਦਿਵਾਉਣਗੇ।

(ਨੰ. 33)

(2) **ਸ਼੍ਰੀ ਰਜਨੀਸ਼ ਕੁਮਾਰ ਦਹੀਆ, ਐਮ.ਐਲ.ਏ.**:- ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਦਾ ਧਿਆਨ ਰਾਜ ਵਿੱਚ ਮੈਡੀਕਲ ਨਸ਼ੇ ਆਸਾਨੀ ਨਾਲ ਉਪਲਬਧ ਹੋਣ ਵੱਲ ਦਿਵਾਉਣਗੇ ।

(ਨੰ. 35)

(3) **ਸਰਦਾਰ ਅਜੀਤ ਪਾਲ ਸਿੰਘ ਕੋਹਲੀ, ਐਮ.ਐਲ.ਏ.**: - ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਸਬੰਧੀ ਮੰਤਰੀ ਦਾ ਧਿਆਨ ਪਟਿਆਲਾ ਵਿੱਚ ਗੁੜ ਮੰਡੀ, ਸਰਹਿੰਦੀ ਬਾਜ਼ਾਰ, ਪੁਰਾਣੀ ਸਬਜ਼ੀ ਮੰਡੀ ਆਦਿ ਪੁਰਾਣੇ ਬਾਜ਼ਾਰਾਂ ਦੀ ਥਾਂ ਤੇ ਨਵੀਆਂ ਦੁਕਾਨਾਂ, ਉਹਨਾਂ ਦੀ ਮੁਰੰਮਤ ਅਤੇ ਨਵੀਨੀਕਰਨ ਸਬੰਧੀ ਨਕਸ਼ਿਆਂ ਨੂੰ ਪੁਰਾਤੱਤਵ ਵਿਭਾਗ ਵੱਲੋਂ ਮਨਜ਼ੂਰੀ ਨਾ ਦੇਣ ਕਾਰਨ ਵਪਾਰੀਆਂ ਨੂੰ ਆ ਰਹੀਆਂ ਮੁਸ਼ਕਲਾਂ ਵੱਲ ਦਿਵਾਉਣਗੇ ।

(ਨੰ. 45)

## 3. ਰਿਪੋਰਟਾਂ ਪੇਸ਼ ਕਰਨਾ

(1) **ਸਭਾਪਤੀ, ਅਨੁਮਾਨ ਕਮੇਟੀ** ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ, ਪੰਜਾਬ ਦੇ ਸਬੰਧ ਵਿੱਚ ਬਜਟ ਅਨੁਮਾਨਾਂ ਤੇ ਰਿਪੋਰਟ ਪੇਸ਼ ਕਰਨਗੇ ।

(2) **ਸਭਾਪਤੀ, ਕੁਐਸਚਨਜ਼ ਐਂਡ ਰੈਫਰੈਂਸਿਜ਼ ਕਮੇਟੀ** ਸਾਲ 2025-26 ਲਈ 18ਵੀਂ ਰਿਪੋਰਟ ਪੇਸ਼ ਕਰਨਗੇ ।

(3) **ਸਭਾਪਤੀ, ਸਦਨ ਦੀ ਮੇਜ਼ ਤੇ ਰੱਖੇ ਗਏ/ਰੱਖੇ ਜਾਣ ਵਾਲੇ ਕਾਗਜ਼ ਪੱਤਰਾਂ ਅਤੇ ਲਾਇਬ੍ਰੇਰੀ ਕਮੇਟੀ** ਸਾਲ 2025-26 ਲਈ ਦੂਜੀ ਰਿਪੋਰਟ ਪੇਸ਼ ਕਰਨਗੇ ।

(4) **ਸਭਾਪਤੀ, ਪਟੀਸ਼ਨ ਕਮੇਟੀ** ਸਾਲ 2025-26 ਲਈ ਦੂਜੀ ਰਿਪੋਰਟ ਪੇਸ਼ ਕਰਨਗੇ।

(5) **ਸਭਾਪਤੀ, ਖੇਤੀਬਾੜੀ ਅਤੇ ਇਸ ਨਾਲ ਜੁੜੀਆਂ ਗਤੀਵਿਧੀਆਂ ਸਬੰਧੀ ਕਮੇਟੀ** ਸਾਲ 2025-26 ਲਈ ਚੌਥੀ ਰਿਪੋਰਟ ਪੇਸ਼ ਕਰਨਗੇ ।

(6) **ਸਭਾਪਤੀ, ਅਧੀਨ ਵਿਧਾਨ ਕਮੇਟੀ** ਸਾਲ 2025-26 ਲਈ 47ਵੀਂ ਰਿਪੋਰਟ ਪੇਸ਼ ਕਰਨਗੇ।

(7) **ਸਭਾਪਤੀ, ਵਿਸ਼ੇਸ ਅਧਿਕਾਰ ਕਮੇਟੀ** ਸਾਲ 2025-26 ਦੌਰਾਨ ਵਿਸ਼ੇਸ ਅਧਿਕਾਰਾਂ ਦੀ ਉਲੰਘਣਾ ਦੇ ਸਬੰਧ ਵਿੱਚ ਕੀਤੇ ਗਏ ਕੰਮ ਦੇ ਵੇਰਵੇ ਪੇਸ਼ ਕਰਨਗੇ ।

(8) **ਸਭਾਪਤੀ, ਸਹਿਕਾਰਤਾ ਅਤੇ ਇਸ ਨਾਲ ਜੁੜੀਆਂ ਗਤੀਵਿਧੀਆਂ ਸਬੰਧੀ ਕਮੇਟੀ** ਸਾਲ 2025-26 ਲਈ ਚੌਥੀ ਰਿਪੋਰਟ ਪੇਸ਼ ਕਰਨਗੇ ।

## 4. ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼ ਪੱਤਰ

(1) **ਇੱਕ ਮੰਤਰੀ** ਪੰਜਾਬ ਰੈਗੂਲੇਸ਼ਨ ਆਫ਼ ਕਰੱਸ਼ਰ ਯੂਨਿਟਸ ਐਂਡ ਸਟਾਕਿਸਟਸ ਐਂਡ ਰਿਟੇਲਰਸ (ਸੋਧ) ਆਰਡੀਨੈਂਸ, 2026 (2026 ਦਾ ਪੰਜਾਬ ਆਰਡੀਨੈਂਸ ਨੰ. 1) ਸਦਨ ਦੀ ਮੇਜ਼ ਤੇ ਰੱਖਣਗੇ, ਜਿਵੇਂ ਕਿ ਭਾਰਤ ਦੇ ਸੰਵਿਧਾਨ ਦੇ ਅਨੁਛੇਦ 213(2)(ੳ) ਅਧੀਨ ਲੋੜੀਂਦਾ ਹੈ ।

(2) **ਇੱਕ ਮੰਤਰੀ** ਵਿੱਤ ਵਿਭਾਗ ਦੇ ਇੱਕ ਹੁਕਮ ਨੰਬਰ ਐਫਡੀ-ਐਫਈ-6/8/2023-4ਐਫਈ6-ਭਾਗ(1)/343 ਮਿਤੀ 29.12.2025 ਸਦਨ ਦੀ ਮੇਜ਼ ਤੇ ਰੱਖਣਗੇ, ਜਿਵੇਂ ਕਿ ਪੰਜਾਬ ਜਨਤਕ ਖਰੀਦ ਐਕਟ, 2019 ਵਿੱਚ ਪਾਰਦਰਸ਼ਤਾ ਦੀ ਧਾਰਾ 63(2) ਅਧੀਨ ਲੋੜੀਂਦਾ ਹੈ ।

(3) **ਇਕ ਮੰਤਰੀ** ਸਾਲ 2023-24 ਲਈ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੀ ਸਾਲਾਨਾ ਰਿਪੋਰਟ ਸਦਨ ਦੀ ਮੇਜ਼ ਤੇ ਰੱਖਣਗੇ, ਜਿਵੇਂ ਕਿ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਐਕਟ, 1996 ਦੀ ਧਾਰਾ 21(4) ਅਧੀਨ ਲੋੜੀਂਦਾ ਹੈ ।

(4) **ਇਕ ਮੰਤਰੀ** ਸਾਲ 2024-25 ਲਈ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੀ ਸਾਲਾਨਾ ਰਿਪੋਰਟ ਸਦਨ ਦੀ ਮੇਜ਼ ਤੇ ਰੱਖਣਗੇ, ਜਿਵੇਂ ਕਿ ਮਨੁੱਖੀ ਅਧਿਕਾਰ ਸੁਰੱਖਿਆ ਐਕਟ, 1993 ਦੀ ਧਾਰਾ 28 ਅਧੀਨ ਲੋੜੀਂਦਾ ਹੈ ।

## 5. <u>ਸਰਕਾਰੀ ਮਤਾ</u>

(1) ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰੀ, ਪੰਜਾਬ ਵੱਲੋਂ ਮਿਤੀ 11.3.2026 ਨੂੰ ਸਦਨ ਵਿੱਚ ਪੇਸ਼ ਕੀਤੇ ਗਏ ਹੇਠ ਲਿਖੇ ਮਤੇ ਤੇ ਬਹਿਸ ਮੁੜ ਆਰੰਭ ਕੀਤੀ ਜਾਵੇਗੀ ਅਤੇ ਵੋਟਿੰਗ ਲਈ ਪੇਸ਼ ਕੀਤਾ ਜਾਵੇਗਾ:-

"ਇਰਾਨ ਦਾ ਅਮਰੀਕਾ ਤੇ ਇਜ਼ਰਾਇਲ ਨਾਲ ਯੁੱਧ, ਜੋ ਲਗਭਗ ਸੱਤ ਦੇਸ਼ਾਂ ਨੂੰ ਵੀ ਚਪੇਟ ਵਿੱਚ ਲੈ ਚੁੱਕਿਆ ਹੈ, ਉਹ ਭਾਰਤ ਦੀ ਕੇਂਦਰ ਸਰਕਾਰ ਦੀ ਵਿਦੇਸ਼ ਨੀਤੀ ਦੀ ਵਿਫਲਤਾ ਦੇ ਕਾਰਨ ਅੱਜ ਭਾਰਤੀ ਆਰਥਿਕਤਾ ਨੂੰ ਬਹੁਤ ਵੱਡਾ ਝਟਕਾ ਦੇ ਰਿਹਾ ਹੈ। ਭਾਰਤ ਦੇ ਲੋਕਾਂ ਖਾਸ ਕਰ ਅਦਾਰਿਆਂ ਨੂੰ ਲਗਾਤਾਰ ਐਲ.ਪੀ.ਜੀ. ਦੀ ਕਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੇਂਦਰ ਸਰਕਾਰ ਇੱਕ ਪਾਸੇ ਤਾਂ ਝੂਠੇ ਆਸ਼ਵਾਸਨ ਦੇ ਰਹੀ ਹੈ ਪਰੰਤੂ ਦੂਜੇ ਪਾਸੇ ਖੁਦ ਐਲ.ਪੀ.ਜੀ. ਦੇ ਰੇਟਾਂ ਵਿੱਚ ਭਾਰੀ ਵਾਧਾ ਕੀਤਾ ਗਿਆ ਹੈ। 14 ਕਿਲੋ ਦੇ ਘਰੇਲੂ ਸਿਲੰਡਰ ਵਿੱਚ 60/- ਰੁਪਏ ਅਤੇ ਕਮਰਸ਼ੀਅਲ ਸਿਲੰਡਰਾਂ ਵਿੱਚ 115/- ਰੁਪਏ ਦਾ ਵਾਧਾ ਕਰ ਦਿੱਤਾ ਹੈ ਜੋ ਖੁਦ ਦਰਸਾ ਰਿਹਾ ਹੈ ਕਿ ਕਿੱਲਤ ਜ਼ਿਆਦਾ ਹੈ।

ਨੈਸ਼ਨਲ ਰੈਸਟੋਰੈਂਟ ਐਸੋਸੀਏਸ਼ਨ, ਜੋ ਪੰਜ ਲੱਖ ਤੋਂ ਵੱਧ ਰੈਸਟੋਰੈਂਟਸ ਦੀ ਨੁਮਾਇੰਦਗੀ ਕਰਦੀ ਹੈ, ਉਸ ਨੇ ਅਲਾਰਮ ਕੀਤਾ ਹੈ ਕਿ ਅਗਲੇ 72 ਘੰਟੇ ਵਿੱਚ ਜੇਕਰ ਐਲ.ਪੀ.ਜੀ. ਦੀ ਗੈਸ ਦੀ ਸਪਲਾਈ ਸਹੀ ਨਹੀਂ ਹੁੰਦੀ ਤਾਂ ਰੈਸਟੋਰੈਂਟ ਬੰਦ ਕਰਨੇ ਪੈ ਸਕਦੇ ਹਨ। ਇਸ ਦਾ ਇਹ ਅਸਰ ਪਵੇਗਾ ਕਿ ਜਿਹੜੇ ਲੋਕ ਰੋਡ ਤੇ, ਹਾਈਵੇਅ ਤੇ ਜਾ ਰਹੇ ਹਨ ਤਾਂ ਉਨ੍ਹਾਂ ਨੇ ਜੇ ਕਿਤੇ ਚਾਹ ਪੀਣੀ ਹੈ, ਰੋਟੀ ਖਾਣੀ ਹੈ, ਘਰਾਂ ਤੋਂ ਨਿਕਲੇ ਹਨ, ਤਾਂ ਉਨ੍ਹਾਂ ਦੀ ਆਉਣ ਵਾਲੇ ਸਮੇਂ ਵਿੱਚ ਕੀ ਸਥਿਤੀ ਬਣੇਗੀ। ਅਜਿਹੀ ਸਥਿਤੀ ਬਣ ਰਹੀ ਹੈ ਕਿ ਰੈਸਟੋਰੈਂਟ ਬੰਦ ਕਰਨੇ ਪੈਣਗੇ। ਪਹਿਲਾਂ ਹੀ ਚੇਨੱਈ, ਮੁੰਬਈ ਅਤੇ ਬੈਂਗਲੌਰ ਵਿੱਚ ਐਲ.ਪੀ.ਜੀ. ਦੀ ਬਹੁਤ ਵੱਡੀ ਕਿੱਲਤ ਪੈਦਾ ਹੋ ਚੁੱਕੀ ਹੈ।

ਐਲ.ਪੀ.ਜੀ. ਸਿਲੰਡਰ ਦੀ ਹਾਲਤ ਇਹ ਹੈ ਕਿ ਜੇ ਦਿੱਲੀ ਵਿੱਚ ਸਿਲੰਡਰ 913/- ਰੁਪਏ ਦਾ ਹੈ ਤਾਂ ਮੁੰਬਈ ਵਿੱਚ 939/- ਰੁਪਏ ਤੇ ਪਹੁੰਚ ਚੁੱਕਿਆ ਹੈ ਅਤੇ ਪਟਨਾ ਵਿੱਚ 1002/- ਰੁਪਏ ਤੇ ਘਰੇਲੂ ਸਿਲੰਡਰ ਮਿਲ ਰਿਹਾ ਹੈ।

ਕੇਂਦਰ ਸਰਕਾਰ ਨੇ ਚੰਦ ਕਾਰਪੋਰੇਟ ਘਰਾਣਿਆਂ ਨੂੰ ਅੱਗੇ ਵਧਾਉਣ ਲਈ ਜੋ ਭਾਰਤ ਦੀ ਵਿਦੇਸ਼ ਨੀਤੀ ਨਾਲ ਖਿਲਵਾੜ ਕੀਤਾ ਹੈ, ਅੱਜ ਭਾਰਤ ਬਹੁਤ ਬੁਰੀ ਤਰ੍ਹਾਂ ਫਸ ਚੁੱਕਿਆ ਹੈ। ਅਸੀਂ ਸਾਰੇ ਦੇਖਦੇ ਹਾਂ ਕਿ ਸਾਡੀਆਂ ਜੰਗਾਂ ਰੁਕਵਾਉਣ ਵਿੱਚ ਵੀ ਉਹ ਭੂਮਿਕਾ ਅਦਾ ਕਰਦੇ ਹਨ। ਅਸੀਂ ਤੇਲ ਕਿਹੜੇ ਦੇਸ਼ ਤੋਂ ਲੈਣਾ ਹੈ, ਇਹ ਵੀ ਉਹ ਤੈਅ ਕਰਦੇ ਹਨ। ਉਹ ਇਹ ਵੀ ਡਿਕਟੇਟ ਕਰਦੇ ਹਨ ਕਿ ਕਿੰਨੇ ਦਿਨ ਤੱਕ ਤੇਲ ਲੈਣਾ ਹੈ। ਸੋ, ਵਿਦੇਸ਼ ਨੀਤੀ ਨਾਲ ਖਿਲਵਾੜ ਕੀਤਾ ਗਿਆ ਹੈ ਤੇ ਅੱਜ ਭਾਰਤ ਬਹੁਤ ਬੁਰੀ ਤਰ੍ਹਾਂ ਫਸ ਚੁੱਕਿਆ ਹੈ ਕਿਉਂਕਿ ਅੱਜ ਭਾਰਤ ਕਿਸ ਨੂੰ ਆਪਣਾ ਦੋਸਤ ਕਹੇਗਾ ਤੇ ਕਿਸ ਨੂੰ ਨਹੀਂ, ਇਹ ਅੱਜ ਦੀ ਵਿਦੇਸ਼ ਨੀਤੀ ਨੇ ਬਹੁਤ ਵੱਡੇ ਸ਼ੰਕੇ ਦੇ ਰੂਪ ਵਿੱਚ ਖੜ੍ਹਾ ਕਰ ਦਿੱਤਾ ਹੈ।

ਅੱਜ ਪੰਜਾਬ ਦੀ ਵਿਧਾਨ ਸਭਾ ਕੇਂਦਰ ਦੀ ਮੋਦੀ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਪੂਰੇ ਦੇਸ਼ ਨੂੰ ਖਤਰੇ ਵਿੱਚ ਪਾਉਣ ਲਈ ਨਿੰਦਾ ਪ੍ਰਸਤਾਵ ਪਾਸ ਕਰਦੀ ਹੈ।"

## 6. <u>ਮਤੇ</u>

(1)

| ਲੜੀ ਨੰਬਰ | ਮੈਂਬਰ ਦਾ ਨਾਮ | ਵਿਸ਼ਾ |
|---|---|---|
| 1. | ਸ. ਜਸਵੰਤ ਸਿੰਘ ਗੱਜਣਮਾਜਰਾ,ਐਮ.ਐਲ.ਏ. | ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਸਰਕਾਰ ਅਜਿਹੇ ਕਾਨੂੰਨੀ ਉਪਬੰਧ ਕਰੇ ਕਿ ਰਾਜ ਅੰਦਰ ਨਵੀਆ ਸੜਕਾਂ ਦੀ ਉਸਾਰੀ ਅਤੇ ਪੁਰਾਣੀਆਂ ਸੜਕਾਂ ਦੀ ਰਿਪੇਅਰ ਸਮੇਂ ਇਹ ਯਕੀਨੀ ਬਣਾਇਆ ਜਾਵੇਗਾ ਕਿ ਉਸਾਰੀ ਜਾਂ ਰਿਪੇਅਰ ਉਪਰੰਤ ਸੜਕਾਂ ਧਰਾਤਲ ਤੋਂ ਇੰਨੀਆਂ ਉਚੀਆਂ ਨਾ ਹੋ ਜਾਣ ਕਿ ਕਿਸਾਨਾਂ ਦੇ ਖੇਤਾਂ ਵਿੱਚ ਵੱਡੀ ਮਾਤਰਾ ਵਿੱਚ ਬਰਸਾਤੀ ਪਾਣੀ ਖੜ੍ਹਾ ਹੋ ਜਾਵੇ। |
| | | |

| | | |
|---|---|---|
| 2. | ਡਾ. ਸੁਖਵਿੰਦਰ ਕੁਮਾਰ ਸੁੱਖੀ,ਐਮ.ਐਲ.ਏ. | ਇਹ ਸਦਨ ਰਾਜ ਸਰਕਾਰ ਨੂੰ ਸਿਫ਼ਾਰਸ਼ ਕਰਦਾ ਹੈ ਕਿ ਰਾਜ ਸਰਕਾਰ ਕੇਂਦਰ ਸਰਕਾਰ ਨਾਲ ਤੁਰੰਤ ਸੰਪਰਕ ਕਰਕੇ ਸ਼ਹੀਦ ਭਗਤ ਸਿੰਘ ਅੰਤਰਰਾਸ਼ਟਰੀ ਹਵਾਈ ਅੱਡਾ (ਚੰਡੀਗੜ੍ਹ) ਤੋਂ ਘਰੇਲੂ ਅਤੇ ਅੰਤਰਰਾਸ਼ਟਰੀ ਹਵਾਈ ਸੰਪਰਕ ਨੂੰ ਵਧਾਉਣ, ਚੰਡੀਗੜ੍ਹ ਹਵਾਈ ਅੱਡੇ ਨੂੰ ਨਿਰਧਾਰਿਤ "ਪੌਇੰਟਸ ਆਫ ਕਾਲ" ਦੀ ਸੂਚੀ ਵਿੱਚ ਸ਼ਾਮਲ ਕਰਨ ਅਤੇ ਚੰਡੀਗੜ੍ਹ ਤੇ ਅੰਮ੍ਰਿਤਸਰ ਦੋਹਾਂ ਹਵਾਈ ਅੱਡਿਆਂ 'ਤੇ ਕਾਰਗੋ ਸੰਭਾਲਣ ਦੀ ਸਮਰੱਥਾ ਵਿੱਚ ਮਹੱਤਵਪੂਰਨ ਵਾਧਾ ਕਰਨ ਲਈ ਢੁੱਕਵੇਂ ਅਤੇ ਪ੍ਰਭਾਵਸ਼ਾਲੀ ਕਦਮ ਚੁੱਕਣ ਦੀ ਮੰਗ ਕਰੇ ਤਾਂ ਕਿ ਰਾਜ ਦੀ ਅਰਥਵਿਵਸਥਾ ਅਤੇ ਨਿਰਯਾਤ ਨੂੰ ਬਲ ਮਿਲ ਸਕੇ। |
| 3. | ਸ. ਜਸਵੰਤ ਸਿੰਘ ਗੱਜਣਮਾਜਰਾ,ਐਮ.ਐਲ.ਏ. | ਇਹ ਸਦਨ ਰਾਜ ਸਰਕਾਰ ਨੂੰ ਸਿਫ਼ਾਰਸ਼ ਕਰਦਾ ਹੈ ਕਿ ਰਾਜ ਦੇ ਸਰਕਾਰੀ ਤੇ ਪ੍ਰਾਇਵੇਟ ਸਕੂਲਾਂ ਵਿੱਚ ਨੌਵੀਂ ਤੋਂ ਬਾਰ੍ਹਵੀਂ ਜਮਾਤ ਦੇ ਸਿਲੇਬਸ ਵਿੱਚ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਪ੍ਰਤੀ ਜਾਗਰੂਕ ਕਰਨ ਦੇ ਮੰਤਵ ਨਾਲ ਵਿਸ਼ੇ ਸ਼ਾਮਲ ਕੀਤੇ ਜਾਣ ਤਾਂ ਜੋ ਆਉਣ ਵਾਲੀ ਪੀੜ੍ਹੀ ਨੂੰ ਨਸ਼ੇ ਦੇ ਮਾੜੇ ਪ੍ਰਭਾਵ ਤੋਂ ਬਚਾਇਆ ਜਾ ਸਕੇ। |
| 4. | ਸ਼੍ਰੀਮਤੀ ਅਰੁਣਾ ਚੌਧਰੀ, ਐਮ.ਐਲ.ਏ. | ਇਹ ਸਦਨ ਰਾਜ ਸਰਕਾਰ ਨੂੰ ਪੁਰਜ਼ੋਰ ਸਿਫ਼ਾਰਸ਼ ਕਰਦਾ ਹੈ ਕਿ ਸਕੂਲਾਂ ਵਿੱਚ ਆਰਥਿਕ ਤੌਰ ਤੇ ਕਮਜ਼ੋਰ ਵਿਦਿਆਰਥੀਆਂ ਦੀ ਹਾਜ਼ਰੀ ਨੂੰ ਯਕੀਨੀ ਬਣਾਉਣ ਲਈ ਪ੍ਰਭਾਵਸ਼ਾਲੀ ਕਦਮ ਚੁੱਕੇ ਜਾਣ ਅਤੇ ਇਸ ਦੇ ਨਾਲ ਹੀ ਸਿੱਖਿਆ ਪ੍ਰਣਾਲੀ ਵਿੱਚ ਮਿਆਰੀ ਸਿੱਖਿਆ ਦੇਣ, ਸਮਾਨਤਾ ਅਤੇ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨ ਲਈ ਲੋੜੀਂਦੇ ਉਪਾਅ ਕੀਤੇ ਜਾਣ । |
| 5. | ਸ. ਮਨਪ੍ਰੀਤ ਸਿੰਘ ਇਆਲੀ,ਐਮ.ਐਲ.ਏ. | ਇਹ ਸਦਨ ਰਾਜ ਸਰਕਾਰ ਨੂੰ ਪੁਰਜ਼ੋਰ ਸਿਫ਼ਾਰਸ਼ ਕਰਦਾ ਹੈ ਕਿ ਭਾਸ਼ਾਈ ਆਧਾਰ 'ਤੇ ਰਾਜਾਂ ਦੇ ਪੁਨਰਗਠਨ ਦੇ ਸਿਧਾਂਤਾਂ ਅਤੇ ਪੰਜਾਬ ਦੇ ਇਤਿਹਾਸਕ ਹੱਕਾਂ ਦੇ ਅਨੁਸਾਰ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਅਤੇ ਇਸ ਦੇ ਆਲੇ-ਦੁਆਲੇ ਦੇ ਪੰਜਾਬੀ ਬੋਲਦੇ ਇਲਾਕਿਆਂ ਨੂੰ ਤੁਰੰਤ ਪੰਜਾਬ ਰਾਜ ਨੂੰ ਸੌਂਪਣ ਲਈ ਮਾਮਲਾ ਭਾਰਤ ਸਰਕਾਰ ਕੋਲ ਉਠਾਇਆ ਜਾਵੇ। |
| 6. | ਸ. ਪ੍ਰਤਾਪ ਸਿੰਘ ਬਾਜਵਾ, ਐਮ.ਐਲ.ਏ. | ਇਹ ਸਦਨ ਰਾਜ ਸਰਕਾਰ ਨੂੰ ਪੁਰਜ਼ੋਰ ਸਿਫ਼ਾਰਸ਼ ਕਰਦਾ ਹੈ ਕਿ ਸਾਰੇ ਰਾਜ ਵਿੱਚ ਉਦਯੋਗਿਕ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਅਗਾਂਹਵਧੂ ਅਤੇ ਸਮਾਵੇਸ਼ੀ ਕਦਮ ਚੁੱਕੇ ਜਾਣ, ਇਸ ਵਿੱਚ ਅਨੁਕੂਲ ਵਾਤਾਵਰਣ ਨੂੰ ਸਿਰਜਣ, ਨਿਵੇਸ਼ ਨੂੰ ਆਕਰਸ਼ਿਤ ਕਰਨ ਅਤੇ ਬਰਾਬਰ ਦੇ ਮੌਕੇ ਪੈਦਾ ਕਰਨ ਨੂੰ ਯਕੀਨੀ ਬਣਾਉਣਾ ਸ਼ਾਮਲ ਹੋਵੇ, ਜਿਸ ਨਾਲ ਰੁਜ਼ਗਾਰ ਦੀਆਂ ਸੰਭਾਵਨਾਵਾਂ ਵੱਧਣ ਅਤੇ ਸਾਰੇ ਹੀ ਨਾਗਰਿਕਾਂ ਦੇ ਫਾਇਦੇ ਲਈ ਸਥਿਰ ਆਰਥਿਕ ਵਿਕਾਸ ਕੀਤਾ ਜਾ ਸਕੇ। |
| 7. | ਡਾ. ਨਛੱਤਰ ਪਾਲ, ਐਮ.ਐਲ.ਏ. | ਇਹ ਸਦਨ ਰਾਜ ਸਰਕਾਰ ਨੂੰ ਪੁਰਜ਼ੋਰ ਸਿਫ਼ਾਰਸ਼ ਕਰਦਾ ਹੈ ਕਿ ਰਾਜ ਦੇ ਸਾਰੇ ਵਰਗਾਂ ਦੇ ਬੱਚਿਆਂ ਨੂੰ ਇੱਕਸਾਰ ਸਿੱਖਿਆ ਪ੍ਰਦਾਨ ਕਰਵਾਉਣ ਨੂੰ ਯਕੀਨੀ ਬਣਾਉਣ ਲਈ ਸਰਕਾਰ ਵੱਲੋਂ ਠੋਸ ਕਦਮ ਚੁੱਕੇ ਜਾਣ |
| 8. | ਸ. ਪਰਗਟ ਸਿੰਘ ਪੋਆਰ, ਐਮ.ਐਲ.ਏ. | ਇਹ ਸਦਨ ਪੁਰਜ਼ੋਰ ਸਿਫਾਰਸ਼ ਕਰਦਾ ਹੈ ਕਿ ਰਾਜ ਸਰਕਾਰ ਕੇਂਦਰ ਸਰਕਾਰ ਨਾਲ ਮਾਮਲਾ ਟੇਕ ਅਪ ਕਰੇ ਕਿ ਭਾਰਤ ਸਰਕਾਰ ਵੱਲੋਂ ਅਮਰੀਕਾ ਨਾਲ ਕੀਤੇ ਜਾ ਰਹੇ ਭਾਰਤ-ਅਮਰੀਕਾ ਵਪਾਰ ਸਮਝੌਤੇ ਨੂੰ ਤੁਰੰਤ ਵਾਪਸ ਲਿਆ ਜਾਵੇ ਜਾਂ ਇਸ ਵਿੱਚ ਬੁਨਿਆਦੀ ਤਬਦੀਲੀਆਂ ਕੀਤੀਆਂ ਜਾਣ, ਕਿਉਂਕਿ ਇਹ ਸਮਝੌਤਾ ਦੇਸ਼ ਦੇ ਕਿਸਾਨਾਂ, ਮਜ਼ਦੂਰਾਂ, ਛੋਟੇ ਅਤੇ ਦਰਮਿਆਨੇ ਵਪਾਰੀਆਂ ਅਤੇ ਘਰੇਲੂ ਉਦਯੋਗਾਂ ਦੇ ਹਿੱਤਾਂ ਦੇ ਵਿਰੁੱਧ ਹੈ ਅਤੇ ਇਸ ਸਮਝੌਤੇ ਦੀ ਪੂਰੀ ਸਮੀਖਿਆ ਕਰਕੇ ਕਿਸਾਨਾਂ, ਮਜ਼ਦੂਰਾਂ, ਵਪਾਰਕ ਸੰਗਠਨਾਂ ਅਤੇ ਪ੍ਰਭਾਵਿਤ ਰਾਜ ਸਰਕਾਰਾਂ ਨਾਲ ਵਿਸਤ੍ਰਿਤ ਸਲਾਹ-ਮਸ਼ਵਰਾ ਕੀਤਾ ਜਾਵੇ, ਤਾਂ ਜੋ ਰਾਸ਼ਟਰੀ ਹਿੱਤਾਂ, ਖੇਤੀਬਾੜੀ ਅਰਥਵਿਵਸਥਾ ਅਤੇ ਘਰੇਲੂ ਉਦਯੋਗਾਂ ਦੀ ਰੱਖਿਆ ਯਕੀਨੀ ਬਣਾਈ ਜਾ ਸਕੇ । |
| 9. | ਸ਼੍ਰੀ ਅਵਤਾਰ ਸਿੰਘ ਜੂਨੀਅਰ, ਐਮ.ਐਲ.ਏ. | ਇਹ ਸਦਨ ਰਾਜ ਸਰਕਾਰ ਨੂੰ ਪੁਰਜ਼ੋਰ ਸਿਫ਼ਾਰਸ਼ ਕਰਦਾ ਹੈ ਕਿ ਸਰਕਾਰੀ ਹਸਪਤਾਲਾਂ ਵਿੱਚ ਪਹੁੰਚਯੋਗ ਅਤੇ ਉੱਚ-ਗੁਣਵੱਤਾ ਵਾਲੀਆਂ ਸਿਹਤ ਸੰਭਾਲ ਸੇਵਾਵਾਂ ਦੀ ਗਾਰੰਟੀ ਯਕੀਨੀ ਬਣਾਉਣ ਲਈ ਲੋੜੀਂਦੇ ਅਤੇ ਵਿਆਪਕ ਕਦਮ ਚੁੱਕੇ ਜਾਣ, ਜਿਸ ਨਾਲ ਸੂਬੇ ਭਰ ਦੇ ਆਮ ਨਾਗਰਿਕਾਂ ਦੀ ਤੰਦਰੁਸਤੀ ਨੂੰ ਯਕੀਨੀ ਬਣਾਇਆ ਜਾ ਸਕੇ। |
| 10. | ਡਾ. ਸੁਖਵਿੰਦਰ ਕੁਮਾਰ ਸੁੱਖੀ,ਐਮ.ਐਲ.ਏ. | ਇਹ ਸਦਨ ਰਾਜ ਸਰਕਾਰ ਨੂੰ ਸਿਫ਼ਾਰਸ਼ ਕਰਦਾ ਹੈ ਕਿ ਰਾਜ ਦੇ ਭੂਮੀਹੀਣ ਮੂਲ ਨਿਵਾਸੀਆਂ ਨੂੰ ਆਪਣੇ ਪਰਿਵਾਰ ਦੀ ਰੋਜ਼ੀ-ਰੋਟੀ ਕਮਾਉਣ, ਕੋਈ ਕੰਮ-ਧੰਦਾ ਸ਼ੁਰੂ ਕਰਨ ਜਾਂ ਖੇਤੀਬਾੜੀ ਕਰਨ ਲਈ ਅਤੇ ਬੇਘਰੇ ਲੋਕਾਂ ਨੂੰ ਘਰ ਉਸਾਰਨ ਲਈ ਪਿੰਡਾਂ ਦੀਆਂ ਸਾਂਝੀਆਂ ਜ਼ਮੀਨਾਂ ਵਿੱਚੋਂ ਮੁਫ਼ਤ ਜ਼ਮੀਨ/ਪਲਾਟ ਅਲਾਟ ਕਰਨ ਲਈ ਤੁਰੰਤ ਕਾਰਵਾਈ ਕੀਤੀ ਜਾਵੇ। |

ਪੰਜਾਬ ਵਿਧਾਨ ਸਭਾ
ਚੰਡੀਗੜ੍ਹ -160001
ਮਿਤੀ:11 ਮਾਰਚ 2026 ਬੁੱਧਵਾਰ

ਰਾਮ ਲੋਕ ਖਟਾਣਾ
ਸਕੱਤਰ
ਪੰਜਾਬ ਵਿਧਾਨ ਸਭਾ